# ਭਗਤ ਸਿੰਘ ਅਤੇ ਅਸੈਂਬਲੀ ਬੰਬ ਕਾਂਡ

1928 ਈ. ਵਿੱਚ ਕਲਕੱਤਾ ਕਾਂਗਰਸ ਦੇ ਸਮੇਂ ਭਗਤ ਸਿੰਘ ਕਲਕੱਤੇ ਆ ਕੇ ਸਾਡੇ ਨਾਲ ਮਿਲ ਗਿਆ ਸੀ। ਉਸ ਸਮੇਂ ਉਸ ਦੇ ਨਾਂ ਗ੍ਰਿਫ਼ਤਾਰੀ ਵਾਰੰਟ ਸੀ, ਉਹ ਭਗੌੜਾ ਸੀ। ਉਸ ਦੇ ਨਾਲ ਪਹਿਲਾਂ ਲਾਹੌਰ ਸਾਜਿਸ਼ ਕੇਸ ਵਿੱਚ ਸਜ਼ਾ ਪਾਉਣ ਵਾਲੇ ਪੰਡਤ ਰਾਮ ਸਰਨਦਾਸ ਵੀ ਸਨ। ਰਾਮਸਰਨ ਦਾਸ ਮੇਰੇ ਮਿੱਤਰ ਸਨ, ਅੰਡੇਮਾਨ ਵਿੱਚ ਅਸੀਂ ਇਕੱਠੇ ਸੀ। ਸ਼੍ਰੀ ਰਵਿੰਦਰ ਮੋਹਨ ਸਨ ਨੇ ਅਪਰ ਸਰਕੂਲਰ ਰੋੜ ਦੇ ਮਕਾਨ ਵਿੱਚ ਇੱਕ ਦਿਨ ਰਾਤ ਨੂੰ ਭਗਤ ਸਿੰਘ, ਰਾਮਸਰਨ ਦਾਸ ਅਤੇ ਸਾਡੇ ਲੋਕਾਂ ਵਿੱਚ ਗੱਲਬਾਤ ਹੋਈ। ਇਸ ਵਾਰਤਾਲਾਪ ਦੇ ਸਮੇਂ ਪ੍ਰਤੁੱਲ ਚੰਦਰ ਗਾਂਗੁਲੀ ਅਤੇ ਸ਼੍ਰੀ ਰਮੇਸ਼ ਚੰਦਰ ਆਚਾਰੀਆ ਵੀ ਹਾਜ਼ਰ ਸਨ। ਭਗਤ ਸਿੰਘ ਦਾ ਮੰਨਣਾ ਸੀ ਕਿ ਪੰਜਾਬ ਸੁੱਤਾ ਹੋਇਆ ਹੈ, ਉਸ ਨੂੰ ਜਗਾਉਣ ਲਈ ਤਕੜੀ ਸੱਟ ਮਾਰਨੀ ਹੋਵੇਗੀ, ਚਕਾਚੌਂਧ ਪੈਦਾ ਕਰਨੀ ਹੋਵੇਗੀ। ਭਗਤ ਸਿੰਘ ਨੇ ਸਾਥੋਂ ਕੁੱਝ ਬੰਬ ਅਤੇ ਪਿਸਤੌਲਾਂ ਮੰਗੀਆਂ। 1920 ਈ. ਦੇ ਬਾਅਦ ਅਸੀਂ ਲੋਕਾਂ ਨੇ ਦਹਿਸ਼ਤਗਰਦੀ ਦਾ ਕੰਮ ਛੱਡ ਦਿੱਤਾ ਸੀ। ਦੇਸ਼ ਜਾਗ ਗਿਆ ਸੀ, ਹੁਣ ਵਖਾਵੇ ਜਾਂ ਚਕਾਚੌਂਧ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ। ਹੁਣ ਜ਼ਰੂਰਤ ਸੀ ਜਨ-ਅੰਦੋਲਨ ਦੇ ਦੁਆਰਾ ਜਨਤਾ ਵਿੱਚ ਕ੍ਰਾਂਤੀਕਾਰੀ ਚੇਤਨਾ ਜਾਗ੍ਰਿਤ ਕਰਨ ਦੀ। ਸੰਗਠਨ ਅਤੇ ਲੜਾਈ ਦੋਨੋਂ ਕੰਮ ਇੱਕੋ ਸਮੇਂ ਨਹੀਂ ਚਲ ਸਕਦੇ। ਲੜਾਈ ਦੇ ਲਈ ਹੀ ਸੰਗਠਨ ਦੀ ਜ਼ਰੂਰਤ ਹੁੰਦੀ ਹੈ। ਦਲ ਦੇ ਸੰਗਠਿਤ ਅਤੇ ਸ਼ਕਤੀਸ਼ਾਲੀ ਹੋਣ ਤੋਂ ਬਿਨਾਂ ਦਹਿਸ਼ਤਗਰਦੀ ਕੰਮ ਸ਼ੁਰੂ ਕਰਨ ਨਾਲ ਸਰਕਾਰ ਦੀ ਤਰਫ਼ ਤੋਂ ਜੋ ਦਮਨ ਹੋਵੇਗਾ, ਉਸ ਨੂੰ ਦਲ ਬਰਦਾਸ਼ਤ ਨਹੀਂ ਕਰ ਸਕੇਗਾ, ਥੋੜੇ ਹੀ ਦਿਨਾਂ ਵਿੱਚ ਦਲ ਛਿੰਨ-ਭਿੰਨ ਹੋ ਜਾਵੇਗਾ। ਇਸ ਦੇ ਕਾਰਨ ਲੋਕਾਂ ਦੀ ਰੀੜ੍ਹ ਦੀ ਹੱਡੀ ਟੁੱਟ ਜਾਵੇਗੀ, ਦੇਸ਼ ਵਿੱਚ ਨਿਰਾਸ਼ਾ ਅਤੇ ਕਲੇਸ਼ ਦਿਖਾਈ ਦੇਵੇਗੀ। ਭਗਤ ਸਿੰਘ ਨੇ ਕਿਹਾ, "ਪੰਜਾਬ ਬਹੁਤ ਪਿੱਛੜਿਆ ਹੋਇਆ ਹੈ, ਪੰਜਾਬ ਨੂੰ ਜਗਾਉਣਾ ਹੋਵੇਗਾ, ਪੰਜਾਬੀ ਉਤਾਵਲੇ ਹੁੰਦੇ ਹਨ। ਚਕਾਚੌਂਧ ਪੈਦਾ ਕਰਨ ਵਾਲੇ ਕਿਸੇ ਕੰਮ ਨੂੰ ਦੇਖਦੇ ਹੀ ਉਹ ਕੁੱਦ ਪੈਣਗੇ। ਤੁਸੀਂ ਲੋਕਾਂ ਨੇ ਵੀ ਤਾਂ ਦਹਿਸ਼ਤਗਰਦੀ ਕੰਮ ਕੀਤੇ ਸਨ। ਅਸੀਂ ਲੋਕਾਂ ਨੇ ਦਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਲੇਕਿਨ ਕੁੱਝ ਵੀ ਨਹੀਂ ਕਰ ਸਕੇ।" ਪੰਜਾਬ ਵਿੱਚ ਦਹਿਸ਼ਤਗਰਦੀ ਵਾਲੇ ਕੰਮ ਕਰਨ ਦੀ ਇਜਾਜ਼ਤ ਦੇਣ ਦੇ ਲਈ ਭਗਤ ਸਿਘ ਨੇ ਸਾਡੇ ਲੋਕਾਂ ਨੂੰ ਖ਼ਾਸ ਤੌਰ 'ਤੇ ਬੇਨਤੀ ਕੀਤੀ ਸੀ, ਬਹੁਤ ਸਾਰੀਆਂ ਦਲੀਲਾਂ ਪੇਸ਼ ਕੀਤੀਆਂ ਸਨ। ਅੰਤ ਨੂੰ ਉਸ ਨੇ ਮੈਨੂੰ ਕਿਹਾ, "ਤੁਸੀਂ ਰਾਮਸਰਨ ਬਾਬੂ ਤੋਂ ਪੁੱਛ ਲਵੋ ਕਿ ਮੈਂ ਠੀਕ ਕਿਹਾ ਹੈ ਕਿ ਨਹੀਂ। ਤੁਸੀਂ ਖੁਦ ਜਾ ਕੇ ਇੱਕ ਵਾਰ ਪੰਜਾਬ ਦੀ ਹਾਲਾਤ ਦੇਖ ਆਓ।" ਮੈਂ ਕਿਹਾ, "ਇਸ ਸਮੇਂ ਕੋਈ ਦਹਿਸ਼ਤ ਵਾਲਾ ਕਮ ਕਰਨ ਤੇ ਬੜੇ ਪੈਮਾਨੇ 'ਤੇ ਧਰ-ਪਕੜ ਸ਼ੁਰੂ ਹੋਵੇਗੀ। ਸਾਜਿਸ਼ ਦਾ ਮੁਕੱਦਮਾ ਚੱਲੇਗਾ, ਲੋਕ ਮੁਖ਼ਬਰ ਬਣਨਗੇ, ਦਲ ਟੁੱਟ ਜਾਵੇਗਾ। ਇਹੀ ਸਾਡਾ ਪਹਿਲਾਂ ਤਜਰਬਾ ਹੈ।" ਭਗਤ ਸਿੰਘ ਨੇ ਕਿਹਾ, "ਉੱਥੇ ਅਜਿਹੇ ਨੌਜਵਾਨ ਹਨ, ਜਿਨ੍ਹਾਂ ਦੇ ਟੁਕੜੇ-ਟੁਕੜੇ ਕਰ ਦੇਣ ਤੇ ਵੀ ਚੂੰ ਤੱਕ ਨਾ ਕਰਨਗੇ। ਤੁਸੀਂ ਮੇਰੇ ਨਾਲ ਚੱਲੋ, ਉਨ੍ਹਾਂ ਦੀ ਪੇਖਿਆ ਲੈ ਕੇ ਦੇਖ ਲਵੋ।" ਭਗਤ ਸਿੰਘ ਦੀਆਂ ਗੱਲਾਂ ਵਿੱਚ ਸਰਲਤਾ ਸੀ, ਲਗਨ ਸੀ। ਨਵੀਂ ਉਮਰ ਦੇ ਨੌਜਵਾਨ ਦੀਆਂ ਗੱਲਾਂ ਤੋਂ ਅਸੀਂ ਪ੍ਰਭਾਵਤ ਹੋ ਗਏ। ਮੈਂ ਰਾਮਸਰਨ ਬਾਬੂ ਨੂੰ ਕਿਹਾ, "ਕਾਂਗਰਸ ਦੇ ਲਾਹੌਰ ਵਿੱਚ ਹੋਣ ਵਾਲੇ ਅਗਲੇ ਸਮਾਗਮ ਦੇ ਸਮੇਂ ਤੁਸੀਂ ਕਾਂਗਰਸ ਵਿੱਚ ਸ਼ਾਮਲ ਹੋ ਕੇ ਸੁਭਾਸ਼ ਬਾਬੂ ਦੇ ਸਵੈ-ਰੱਖਿਅਕ ਦਲ ਦੀ ਤਰ੍ਹਾਂ ਕਾਂਗਰਸ ਦਾ ਸਵੈ-ਰੱਖਿਅਕ ਦਲ ਬਣਾਓ। ਤੁਹਾਡਾ ਬੀਤੇ ਸਮੇਂ ਦਾ ਇਤਿਹਾਸ ਹੈ। ਤੁਸੀਂ ਬਹੁਤ ਦਿਨਾਂ ਤੱਕ ਜੇਲ੍ਹ ਵਿੱਚ, ਇੱਥੋਂ ਤੱਕ ਕਿ ਅੰਡੇਮਾਨ ਵਿੱਚ ਵੀ ਰਹਿ ਚੁੱਕੇ ਹੋ। ਕੋਸ਼ਿਸ਼ ਕਰੋ ਤਾਂ ਤੁਸੀਂ ਕਾਂਗਰਸ ਦੇ ਅੰਦਰ ਆਪਣੀ ਜਗ੍ਹਾ ਬਣਾ ਲਵੋਗੇ ਅਤੇ ਭਗਤ ਸਿੰਘ ਸਵੈ-ਰੱਖਿਅਕ ਦਲ ਦਾ ਆਗੂ ਬਣ ਸਕੇ, ਇਸ ਦਾ ਇੰਤਜ਼ਾਮ ਕਰਨਾ।" ਮੈਂ ਭਗਤ ਸਿੰਘ ਨੂੰ ਕਿਹਾ, "ਤੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ 5000 ਸਵੈ-ਰੱਖਿਅਕ ਇਕੱਠੇ ਕਰਨ ਦੀ ਕੋਸ਼ਿਸ਼ ਕਰ। ਇਹ ਦਲ ਤੁਹਾਡੀ ਆਉਣ ਵਾਲੀ ਕ੍ਰਾਂਤੀ ਦਾ ਮੁੱਢ ਹੋਵੇਗਾ। ਪੰਜਾਬੀ ਜੁਝਾਰੂ ਕੌਮ ਹੈ। ਬਹੁਤਿਆਂ ਦੇ ਆਪਣੇ ਘਰ ਦੇ ਸੈਨਾ ਵਿੱਚ ਹਨ। ਜੇਕਰ ਤੁਸੀਂ ਸੰਗਠਿਤ ਅਤੇ ਸ਼ਕਤੀਸ਼ਾਲੀ ਸਵੈ-ਰੱਖਿਅਕ ਦਲ ਖੜਾ ਕਰ ਸਕੋ ਤਾਂ ਉਨ੍ਹਾਂ ਦੀ ਹੀ ਸਹਾਇਤਾ ਨਾਲ ਤੁਸੀਂ ਜੁਝਾਰੂ ਬਗ਼ਾਵਤ ਕਰ ਸਕੋਗੇ।" ਅਸੀਂ ਲੋਕਾਂ ਨੇ ਭਗਤ ਸਿੰਘ ਨੂੰ ਖੁਸ਼ ਕਰਨ ਲਈ ਕਈ ਪਿਸਤੌਲਾਂ ਦਿੱਤੀਆਂ। ਬਾਅਦ ਵਿੱਚ ਮੈਂ ਰਾਮ ਰਾਮਸਰਨ ਦਾਸ ਨੂੰ ਕਿਹਾ, "ਇਸ ਸਮੇਂ ਇਨ੍ਹਾਂ ਪਿਸਤੌਲਾਂ ਤੋਂ ਕੰਮ ਨਾ ਲੈਣਾ।" ਭਗਤ ਸਿੰਘ ਖੁਸ਼ ਹੋ ਕੇ ਪੰਜਾਬ ਚਲਾ ਗਿਆ। ਉਸ ਨੇ ਪਹਿਲਾਂ ਦਲ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਲੇਕਿਨ ਮੈਂਬਰ ਨਾ ਮਿਲਣ ਕਰਕੇ ਉਹ ਨਿਰਾਸ਼ ਹੋ ਗਿਆ ਸੀ। ਇਸ ਨਾਲ ਉਸ ਦੇ ਅੰਦਰ ਇਹ

ਵਿਚਾਰ ਘਰ ਕਰ ਗਿਆ ਕਿ ਪੰਜਾਬ ਨੂੰ ਜਗਾਉਣ ਲਈ ਚਕਾਚੌਂਧ ਪੈਦਾ ਕਰਨ ਵਾਲੀ ਕੋਈ ਗੱਲ ਕਰਨੀ ਹੋਵੇਗੀ। ਨਹੀਂ ਤਾਂ ਪੰਜਾਬ ਦੇ ਨੌਜਵਾਨਾਂ ਦੀ ਨੀਂਦ ਦੂਰ ਨਹੀਂ ਹੋਵੇਗੀ। ਕੁੱਝ ਦਿਨਾਂ ਬਾਅਦ ਦਿੱਲੀ ਵਿੱਚ ਅਸੈਂਬਲੀ ਵਿੱਚ ਬੰਬ ਡਿੱਗਿਆ। ਇਸ ਬੰਬ ਨੂੰ ਸੁੱਟਣ ਨਾਲ ਜਾਂ ਕੁੱਝ ਗੋਰਿਆਂ ਦੀ ਹੱਤਿਆ ਕਰਨ ਨਾਲ ਦੇਸ਼ ਆਜ਼ਾਦ ਨਹੀਂ ਹੋਏਗਾ, ਇਸ ਗੱਲ ਨੂੰ ਭਗਤ ਸਿੰਘ ਵੀ ਮੰਨਦਾ ਸੀ, ਉਸ ਨੂੰ ਵਿਸ਼ਵਾਸ ਸੀ ਕਿ ਇਸ ਨਾਲ ਦੇਸ਼ ਅੱਗੇ ਵੱਧ ਜਾਵੇਗਾ, ਦੇਸ਼ ਦੇ ਨੌਜਵਾਨਾਂ ਵਿੱਚ ਨਵੀਂ ਜਾਗ੍ਰਤੀ ਆਵੇਗੀ। ਦੇਸ਼ ਭਗਤ ਵੀਰ ਭਗਤ ਸਿੰਘ ਨੇ ਫ਼ਾਂਸੀ ਪਾ ਕੇ ਦੇਸ਼ ਦੇ ਨੌਜਵਾਨਾਂ ਵਿੱਚ ਨਵੇਂ ਜੀਵਨ ਦਾ ਪ੍ਰਵਾਹ ਕੀਤਾ ਸੀ। ਭਗਤ ਸਿੰਘ ਧੰਨ ਹੈ।

ਸ੍ਰੋਤ: “ਜੇਲ੍ਹ ਵਿੱਚ ਤੀਹ ਵਰ੍ਹੇ”, ਤ੍ਰਿਲੋਕਯ ਨਾਥ ਚੱਕਰਵਰਤੀ, ਲੋਕਗੀਤ ਪਰਕਾਸ਼ਨ, ਚੰਡੀਗੜ੍ਹ, (2007) ਪੰਨੇ 114-115